Disability Inclusion
Education for All

Punjabi | **ਪੰਜਾਬੀ**

**ਡਿਸਏਬਿਲਟੀ ਇਨਕਲੂਜ਼ਨ (ਅਪੰਗਤਾ ਸ਼ਮੂਲੀਅਤ) ਬਾਰੇ ਜਾਣਕਾਰੀ ਸ਼ੀਟ**

# ਡਿਸਏਬਿਲਟੀ ਇਨਕਲੂਜ਼ਨ (ਅਪੰਗਤਾ ਸ਼ਮੂਲੀਅਤ) - ਪਰਿਵਾਰਾਂ ਲਈ ਤੱਥ ਸ਼ੀਟ

ਡਿਸਏਬਿਲਟੀ ਇਨਕਲੂਜ਼ਨ ਅਪਾਹਜਤਾ ਵਾਲੇ ਵਿਦਿਆਰਥੀਆਂ ਲਈ ਸਹਾਇਤਾ ਨੂੰ ਬਿਹਤਰ ਬਣਾਉਣ ਅਤੇ ਸਾਡੇ ਸਾਰੇ ਵਿਦਿਆਰਥੀਆਂ ਲਈ ਵਧੇਰੇ ਸ਼ਮੂਲੀਅਤ ਕਰਨ ਵਾਲੇ ਸਕੂਲ ਬਣਾਉਣ ਵਿੱਚ ਸਾਡੀ ਮੱਦਦ ਕਰਨ ਲਈ ਇੱਕ ਨਵੀਂ ਪਹੁੰਚ ਹੈ।

ਅਪੰਗਤਾ ਸ਼ਮੂਲੀਅਤ ਵਾਲੇ ਸਕੂਲਾਂ ਦੇ ਸਾਰੇ ਵਿਦਿਆਰਥੀਆਂ ਲਈ ਸਿੱਖਣ, ਸਾਂਝ ਪਾਉਣ ਅਤੇ ਭਲਾਈ ਵਿੱਚ ਬਿਹਤਰ ਨਤੀਜੇ ਆਉਂਦੇ ਹਨ।

ਡਿਸਏਬਿਲਟੀ ਇਨਕਲੂਜ਼ਨ ਕਰਨੀ ਇਸ ਤਰ੍ਹਾਂ ਸਕੂਲਾਂ ਨੂੰ ਇਹ ਬਿਹਤਰ ਢੰਗ ਨਾਲ ਸਮਝਣ ਵਿੱਚ ਮੱਦਦ ਕਰੇਗੀ ਕਿ ਸਾਡੇ ਵਿਦਿਆਰਥੀਆਂ ਨੂੰ ਸਿੱਖਣ ਵਿੱਚ ਉਹਨਾਂ ਦੀ ਮੱਦਦ ਕਰਨ ਲਈ ਕਿਹੜੀ ਚੀਜ਼ ਦੀ ਲੋੜ ਹੈ:

- ਵਧੇਰੇ ਨਿਵੇਸ਼ ਵਾਲੇ ਇੱਕ ਨਵੇਂ ਫ਼ੰਡਿੰਗ (ਮਾਲੀ ਸਹਾਇਤਾ ਵਾਲੇ) ਮਾਡਲ ਦੁਆਰਾ
- ਵਿਦਿਆਰਥੀ ਦੀਆਂ ਲੋੜਾਂ ਅਤੇ ਜ਼ਰੂਰਤਾਂ ਅਨੁਸਾਰ ਢੁੱਕਵਾਂਪਨ ਕਰਨ ਦੀ ਪਛਾਣ ਕਰਨ ਵਿੱਚ ਮੱਦਦ ਕਰਨ ਲਈ ਇੱਕ ਨਵੀਂ ਸ਼ਕਤੀ-ਆਧਾਰਿਤ ਪ੍ਰਕਿਰਿਆ ਦੁਆਰਾ ਜਿਸ ਨੂੰ ਡਿਸਏਬਿਲਟੀ ਇਨਕਲੂਜ਼ਨ ਪ੍ਰੋਫ਼ਾਈਲ ਕਿਹਾ ਜਾਂਦਾ ਹੈ
- ਅਧਿਆਪਕਾਂ ਅਤੇ ਸਕੂਲ ਸਟਾਫ਼ ਲਈ ਵਿਦਿਆਰਥੀਆਂ ਦੀ ਸਿੱਖਣ ਵਿੱਚ ਸਹਾਇਤਾ ਕਰਨ ਦੇ ਸਭ ਤੋਂ ਵਧੀਆ ਤਰੀਕਿਆਂ ਬਾਰੇ ਵਧੇਰੇ ਸਿਖਲਾਈ ਅਤੇ ਕੋਚਿੰਗ ਰਾਹੀਂ।

### *ਵਧੇਰੇ ਨਿਵੇਸ਼ ਵਾਲੇ ਇੱਕ ਨਵੇਂ ਫ਼ੰਡਿੰਗ ਮਾਡਲ ਦੁਆਰਾ*

ਇਹ ਨਵਾਂ ਫ਼ੰਡਿੰਗ ਮਾਡਲ ਵਾਧੂ ਨਿਵੇਸ਼ ਪ੍ਰਦਾਨ ਕਰਦਾ ਹੈ ਜਿਸਦੀ ਵਰਤੋਂ ਸਕੂਲ ਬਹੁਤ ਸਾਰੇ ਵਿਦਿਆਰਥੀਆਂ ਦੀ ਸਹਾਇਤਾ ਲਈ ਕਰ ਸਕਦੇ ਹਨ ਜਿਨ੍ਹਾਂ ਨੂੰ ਔਟਿਜ਼ਮ, ਸਿੱਖਣ ਵਿੱਚ ਮੁਸ਼ਕਲਾਂ ਅਤੇ ਹੋਰ ਬਹੁਤ ਕੁੱਝ ਹੈ।

ਇਹ ਵਾਧੂ ਨਿਵੇਸ਼ ਅਪਾਹਜਤਾ ਵਾਲੇ ਵਿਦਿਆਰਥੀਆਂ ਲਈ ਵਧੇਰੇ ਸਹਾਇਤਾ ਪ੍ਰਦਾਨ ਕਰੇਗਾ, ਜਿਸ ਵਿੱਚ ਉਹ ਵਿਦਿਆਰਥੀ ਵੀ ਸ਼ਾਮਲ ਹਨ ਜੋ ਅਤੀਤ ਵਿੱਚ ਪ੍ਰੋਗਰਾਮ ਫਾਰ ਸਟੂਡੈਂਟਸ ਵਿਦ ਡਿਸਏਬਿਲਟੀਜ਼ (PSD) ਦੁਆਰਾ ਵਿਅਕਤੀਗਤ ਫ਼ੰਡਿੰਗ ਲਈ ਯੋਗ ਨਹੀਂ ਸਨ।

ਸਕੂਲ ਇਸ ਫ਼ੰਡਿੰਗ ਦੀ ਵਰਤੋਂ ਕਈ ਗਤੀਵਿਧੀਆਂ ਲਈ ਕਰ ਸਕਦੇ ਹਨ ਜਿਸ ਵਿੱਚ ਸ਼ਾਮਲ ਹਨ:

- ਅਧਿਆਪਕਾਂ ਅਤੇ ਸਕੂਲ ਦੇ ਸਟਾਫ਼ ਲਈ ਵਧੇਰੇ ਸਿਖਲਾਈ ਅਤੇ ਪੇਸ਼ੇਵਰ ਵਿਕਾਸ
- ਅਪਾਹਜਤਾ ਬਾਰੇ ਮਾਹਰ ਸਲਾਹ ਪ੍ਰਾਪਤ ਕਰਨਾ
- ਵਿਦਿਆਰਥੀਆਂ ਲਈ ਯੋਜਨਾ ਬਣਾਉਣ ਅਤੇ ਤਬਦੀਲੀਆਂ ਪ੍ਰਦਾਨ ਕਰਨ ਵਿੱਚ ਮੱਦਦ ਕਰਨ ਲਈ ਅਧਿਆਪਕਾਂ ਜਾਂ ਹੋਰ ਸਟਾਫ਼ ਨੂੰ ਨਿਯੁਕਤ ਕਰਨਾ
- ਸਿੱਖਣ ਵਿੱਚ ਸਹਾਇਤਾ ਕਰਨ ਲਈ ਉਪਕਰਨ ਅਤੇ ਸਰੋਤ।

### *ਡਿਸਏਬਿਲਟੀ ਇਨਕਲੂਜ਼ਨ ਪ੍ਰੋਫ਼ਾਈਲ*

ਡਿਸਏਬਿਲਟੀ ਇਨਕਲੂਜ਼ਨ ਪ੍ਰੋਫ਼ਾਈਲ ਸਕੂਲਾਂ ਨੂੰ ਤੁਹਾਡੇ ਬੱਚੇ ਦੀਆਂ ਸ਼ਕਤੀਆਂ ਅਤੇ ਲੋੜਾਂ ਬਾਰੇ ਹੋਰ ਜਾਣਨ ਵਿੱਚ ਮੱਦਦ ਕਰੇਗਾ। ਇਹ ਵਿਅਕਤੀਗਤ ਫ਼ੰਡਿੰਗ ਦੀ ਵੰਡ, ਵਿਦਿਆਰਥੀ ਦੀ ਸਿਖਲਾਈ ਲਈ ਮੱਦਦ ਦੀ ਯੋਜਨਾ ਅਤੇ ਕਿਸੇ ਵਿਦਿਆਰਥੀ ਨੂੰ ਬਿਹਤਰ ਸਿੱਖਣ ਲਈ ਲੋੜੀਂਦੇ ਬਦਲਾਅ ਕਰਨ ਬਾਰੇ ਸੂਚਿਤ ਕਰੇਗਾ।






THE EDUCATION STATE
VICTORIA State Government | Education and Training

ਇਹ ਨਵੀਂ ਡਿਸਏਬਿਲਟੀ ਇਨਕਲੂਜ਼ਨ ਪ੍ਰੋਫਾਈਲ ਪ੍ਰਕਿਰਿਆ ਮੌਜੂਦਾ PSD ਦੇ ਹਿੱਸੇ ਵਜੋਂ ਵਰਤੀ ਗਈ ਵਿੱਦਿਅਕ ਲੋੜਾਂ ਦੀ ਪ੍ਰਸ਼ਨਾਵਲੀ (Educational Needs Questionnaire) ਨੂੰ ਬਦਲ ਦੇਵੇਗੀ।

ਜਿਵੇਂ ਕਿ ਸਕੂਲ ਇਸ ਨਵੀਂ ਪਹੁੰਚ ਵਿੱਚ ਤਬਦੀਲ ਹੋਣਗੇ, ਉਹਨਾਂ ਵਿਦਿਆਰਥੀਆਂ ਦੇ ਪਰਿਵਾਰਾਂ ਨੂੰ ਜੋ PSD ਦਾ ਹਿੱਸਾ ਹਨ ਡਿਸਏਬਿਲਟੀ ਇਨਕਲੂਜ਼ਨ ਪ੍ਰੋਫਾਈਲ ਨੂੰ ਪੂਰਾ ਕਰਨ ਲਈ ਇੱਕ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਕਿਹਾ ਜਾਵੇਗਾ।

ਉਹ ਲੋਕ ਜੋ ਤੁਹਾਡੇ ਬੱਚੇ ਨੂੰ ਜਾਣਦੇ ਹਨ, ਇੱਕ ਖ਼ੁਦਮੁਖ਼ਤਿਆਰ, ਸਿਖਲਾਈ ਪ੍ਰਾਪਤ ਫੈਸਿਲੀਟੇਟਰ (ਸੰਚਾਲਕ) ਨਾਲ ਮੀਟਿੰਗ ਵਿੱਚ ਸ਼ਾਮਲ ਹੋਣਗੇ ਜੋ ਸਕੂਲਾਂ ਅਤੇ ਪਰਿਵਾਰਾਂ ਨੂੰ ਇਸ ਪ੍ਰੋਫਾਈਲ ਨੂੰ ਪੂਰਾ ਕਰਨ ਵਿੱਚ ਮੱਦਦ ਕਰੇਗਾ।

ਜੇਕਰ ਤੁਹਾਡਾ ਬੱਚਾ PSD ਦਾ ਹਿੱਸਾ ਹੈ, ਤਾਂ ਤੁਹਾਡਾ ਸਕੂਲ ਉਹਨਾਂ ਦੀ ਪ੍ਰੋਫਾਈਲ ਨੂੰ ਪੂਰਾ ਕਰਨ ਲਈ ਸਭ ਤੋਂ ਵਧੀਆ ਢੁੱਕਵਾਂ ਸਮਾਂ ਲੱਭਣ ਲਈ ਤੁਹਾਡੇ ਨਾਲ ਮਿਲਕੇ ਕੰਮ ਕਰੇਗਾ।

ਇਹ ਪ੍ਰੋਫਾਈਲ ਵੱਧ ਲੋੜਾਂ ਵਾਲੇ ਵਿਦਿਆਰਥੀਆਂ ਦੇ ਵਿਸ਼ਾਲ ਸਮੂਹ ਲਈ ਵੀ ਉਪਲਬਧ ਹੋਵੇਗੀ।

### ***ਤਬਦੀਲ ਹੋਣ ਲਈ ਫ਼ੰਡਿੰਗ***

ਪਰਿਵਾਰਾਂ ਨੂੰ ਉਹਨਾਂ ਦੇ ਬੱਚਿਆਂ ਦੇ ਪ੍ਰੋਗਰਾਮ ਫਾਰ ਸਟੂਡੈਂਟਸ ਵਿਦ ਡਿਸਏਬਿਲਟੀਜ਼ (PSD) ਤੋਂ ਇਸ ਨਵੀਂ ਪਹੁੰਚ ਵਿੱਚ ਤਬਦੀਲ ਹੋਣ ਸਮੇਂ ਵਧੇਰੇ ਨਿਸ਼ਚਤਤਾ ਪ੍ਰਦਾਨ ਕਰਨ ਵਿੱਚ ਮੱਦਦ ਕਰਨ ਲਈ, ਵਿਕਟੋਰੀਆ ਸਰਕਾਰ 2024 ਤੱਕ ਡਿਸਏਬਿਲਟੀ ਇਨਕਲੂਜ਼ਨ ਟ੍ਰਾਂਜੀਸ਼ਨ ਫ਼ੰਡਿੰਗ (Disability Inclusion Transition Funding) ਪ੍ਰਦਾਨ ਕਰ ਰਹੀ ਹੈ।

ਡਿਸਏਬਿਲਟੀ ਇਨਕਲੂਜ਼ਨ ਟ੍ਰਾਂਜੀਸ਼ਨ ਫ਼ੰਡਿੰਗ ਇਹ ਯਕੀਨੀ ਬਣਾਉਂਦੀ ਹੈ ਕਿ ਸਕੂਲਾਂ ਨੂੰ ਵਿਦਿਆਰਥੀ-ਪੱਧਰ ਦੀ ਫ਼ੰਡਿੰਗ ਦੀ ਇੱਕੋ ਜਿਹੀ ਰਕਮ ਪ੍ਰਾਪਤ ਹੋਵੇ ਜਾਂ PSD ਤੋਂ ਡਿਸਏਬਿਲਟੀ ਇਨਕਲੂਜ਼ਨ ਵੱਲ ਵਿਦਿਆਰਥੀ ਦੀ ਤਬਦੀਲੀ ਵਿੱਚ ਸਹਾਇਤਾ ਕਰਨ ਵਧੇਰੇ ਰਕਮ ਪ੍ਰਾਪਤ ਹੋਵੇ।

ਹੋਰ ਜਾਣਕਾਰੀ ਅਤੇ ਡਿਸਏਬਿਲਟੀ ਇਨਕਲੂਜ਼ਨ ਟ੍ਰਾਂਜੀਸ਼ਨ ਫ਼ੰਡਿੰਗ ਤੁਹਾਡੇ ਬੱਚੇ ਦੇ ਹਾਲਾਤਾਂ 'ਤੇ ਕਿਵੇਂ ਲਾਗੂ ਹੁੰਦੀ ਹੈ, ਲਈ ਕਿਰਪਾ ਕਰਕੇ ਆਪਣੇ ਸਕੂਲ ਦੇ ਪ੍ਰਿੰਸੀਪਲ ਨਾਲ ਸੰਪਰਕ ਕਰੋ।

### ***ਅਧਿਆਪਕਾਂ ਅਤੇ ਸਕੂਲ ਸਟਾਫ਼ ਲਈ ਵਧੇਰੇ ਸਿਖਲਾਈ ਅਤੇ ਕੋਚਿੰਗ***

ਡਿਸਏਬਿਲਟੀ ਇਨਕਲੂਜ਼ਨ ਹੋਰ ਅਧਿਆਪਕਾਂ ਅਤੇ ਸਹਾਇਕ ਸਟਾਫ਼ ਨੂੰ ਅਪਾਹਜਤਾ ਅਤੇ ਕਿਵੇਂ ਪ੍ਰਤੀਕਿਰਿਆ ਕਰਨੀ ਹੈ ਇਸ ਬਾਰੇ ਬਿਹਤਰ ਸਮਝ ਪ੍ਰਦਾਨ ਕਰੇਗਾ। ਇਸ ਵਿੱਚ ਇਹਨਾਂ ਤੱਕ ਪਹੁੰਚ ਸ਼ਾਮਲ ਹੋ ਸਕਦੀ ਹੈ:

- ਸਕੂਲਾਂ ਵਿੱਚ ਹੋਰ ਪੇਸ਼ੇਵਰਾਂ ਤੱਕ ਜੋ ਅਪਾਹਜਤਾ ਦੇ ਮਾਹਿਰ ਹਨ
- ਕੋਚਿੰਗ ਤੱਕ
- ਪੇਸ਼ੇਵਰ ਸਿਖਲਾਈ ਤੱਕ
- ਸਬੂਤ-ਆਧਾਰਿਤ ਮਾਰਗਦਰਸ਼ਨ ਅਤੇ ਸਰੋਤਾਂ ਤੱਕ
- ਵਜ਼ੀਫਿਆਂ ਤੱਕ।

### ***ਹੋਰ ਜਾਣਕਾਰੀ***

ਡਿਸਏਬਿਲਟੀ ਇਨਕਲੂਜ਼ਨ ਬਾਰੇ ਹੋਰ ਜਾਣਨ ਲਈ www.education.vic.gov.au/disabilityinclusion 'ਤੇ ਜਾਓ।

ਜੇਕਰ ਤੁਸੀਂ ਸਕੂਲ ਵਿੱਚ ਆਪਣੇ ਬੱਚੇ ਦੀਆਂ ਲੋੜਾਂ ਬਾਰੇ ਗੱਲ ਕਰਨਾ ਚਾਹੁੰਦੇ ਹੋ, ਜਾਂ ਜੇਕਰ ਤੁਹਾਨੂੰ ਅਨੁਵਾਦ ਜਾਂ ਦੁਭਾਸ਼ੀਏ ਦੀ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ ਆਪਣੇ ਸਕੂਲ ਦੇ ਪ੍ਰਿੰਸੀਪਲ ਨਾਲ ਸੰਪਰਕ ਕਰੋ।